ਦਫ਼ਤਰ :- ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋ:ਨਿ:ਵਿ: ਭ ਤੇ ਮ ਸਾਖਾ, ਸਾਹਮਣੇ ਪੁਲਿਸ ਸਟੇਸ਼ਨ, ਇੰਡਸਟ੍ਰੀਅਲ ਏਰੀਆ ਫੇਸ-1, ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ)
E-mail Id : pwdmohali@gmail.com, Tel. & Fax No.0172-2226328

ਵੱਲ,

The Principal,
Swami Ram Tirth Public High School,
Phase IV, S.A.S Nagar,
Mohali.

ਨੰ: 7083 ਮਿਤੀ: 22-7-2021

ਵਿਸ਼ਾ:- ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਦਾ ਪੱਤਰ ਨੰ: **SRTPHS/2021-22** ਮਿਤੀ **06.07.2021**

ਉਪਰੋਕਤ ਵਿਸੇ ਦੇ ਸਬੰਧ ਵਿੱਚ ਇਸ ਮੰਡਲ ਅਧੀਨ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਲੋ: ਨਿ: ਵਿ: ਭ ਤੇ ਮ ਸਾਖਾ, ਐਸ.ਐਸ.ਨਗਰ ਦੀ ਰਿਪੋਰਟ ਅਨੁਸਾਰ ਸਕੂਲ ਦੀ ਇਮਾਰਤ ਦਾ ਹਰ ਪੱਖੋਂ ਮੁਆਇਨਾ ਕਰਨ ਉਪਰੰਤ ਇਮਾਰਤ ਠੀਕ ਪਾਈ ਗਈ ਹੈ। ਸਕੂਲ ਵੱਲੋਂ ਇੰਸਪੇਕਸ਼ਨ ਫੀਸ ਰੁ: 10,000/- ਰੁਪਏ, ਜੀ.ਆਰ.ਨੰ: 3903166 ਮਿਤੀ 14.07.2021 ਰਾਹੀ ਜਮਾਂ ਕਰਵਾ ਦਿੱਤੀ ਗਈ ਹੈ। ਇਸ ਲਈ ਉਪਰੋਕਤ ਸਕੂਲ ਦੀ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 31.03.2022 ਤੱਕ ਇਸ ਸ਼ਰਤ ਤੇ ਜਾਰੀ ਕੀਤਾ ਜਾਂਦਾ ਹੈ ਕਿ ਇਹ ਸਕੂਲ ਫਾਇਰ ਸੇਫਟੀ ਸਰਟੀਫਿਕੇਟ ਮਿਤੀ 21.10.2021 ਤੋਂ 31.03.2022 ਤੱਕ ਇਸ ਦਫ਼ਤਰ ਵਿੱਚ ਜਮ੍ਹਾਂ ਕਰਵਾਉਣਗੇ। ਜੇਕਰ ਉਕਤ ਸਮੇਂ ਦਾ ਫਾਇਰ ਸਰਟੀਫਿਕੇਟ ਜਮ੍ਹਾਂ ਨਹੀਂ ਕਰਵਾਇਆ ਜਾਂਦਾ ਹੈ ਤਾਂ ਇਹ ਸਰਟੀਫਿਕੇਟ ਮਿਤੀ 20.10.2021 ਤੱਕ ਹੀ ਸਮਝਿਆ ਜਾਵੇ। ਬਾਕੀ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹੈ:-

1 ਜੇ ਸਕੂਲ ਦੀ ਇਮਾਰਤ ਵਿੱਚ ਕੋਈ ਵੀ ਵਾਧਾ/ਬਦਲਾਅ ਕੀਤਾ ਜਾਂਦਾ ਹੈ ਜਾਂ ਕਿਸੇ ਵੀ ਕਿਸਮ ਦੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਇਹ ਕੰਮ ਕਿਸੇ ਯੋਗ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਇਆ ਜਾਵੇ ਤੇ ਕੰਮ ਮੁਕੰਮਲ ਹੋਣ ਉਪਰੰਤ ਸਬੰਧਤ ਅਧਿਕਾਰੀ ਤੋਂ ਇਸ ਦਾ ਸਰਟੀਫਿਕੇਟ ਦੁਬਾਰਾ ਲਿਆ ਜਾਵੇ।

2 ਜੇ ਬਿਲਡਿੰਗ ਹੜਾਂ ਜਾਂ ਕਿਸੇ ਹੋਰ ਕੁਦਰਤੀ ਆਫਤਾਂ ਤੋਂ ਪ੍ਰਭਾਵਿਤ ਹੁੰਦੀ ਹੈ ਤਾਂ ਤੁਰੰਤ ਹੀ ਇਸ ਨੂੰ ਵਿਭਾਗ ਤੋਂ ਦੁਬਾਰਾ ਚੈਕ ਕਰਵਾਇਆ ਜਾਵੇ।

3 ਇਸ ਬਿਲਡਿੰਗ ਦਾ ਫਾਇਰ ਸੇਫਟੀ ਸਰਟੀਫਿਕੇਟ, ਪੰਜਾਬ ਫਾਇਰ ਸਰਵਿਸਿਜ਼, ਐਸ.ਐਸ.ਨਗਰ ਵਲੋਂ ਉਨ੍ਹਾਂ ਦੇ ਨੰ: NOC No. 2004-29174-Fire/20156 ਮਿਤੀ 20.10.2020 ਦੁਆਰਾ ਜਾਰੀ ਕੀਤਾ ਗਿਆ ਹੈ। ਉਨ੍ਹਾਂ ਵੱਲੋਂ ਲਿਖਿਆ ਗਿਆ ਹੈ ਕਿ ਅੱਗ ਬੁਝਾਉ ਯੰਤਰ ਤਸੱਲੀਬਖ਼ਸ਼ ਹੋਣੇ ਚਾਹੀਦੇ ਹਨ ਅਤੇ ਕਰਮਚਾਰੀ ਅੱਗ ਬੁਝਾਉਣ ਸਬੰਧੀ ਟਰੇਂਡ ਹੋਣੇ ਚਾਹੀਦੇ ਹਨ, ਇਸ ਨੂੰ ਯਕੀਨੀ ਬਣਾਇਆ ਜਾਵੇ।

4 ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀ ਹੋਵੇਗਾ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ, ਲੋ.ਨਿ.ਵਿ. ਭ ਤੇ ਮ ਸ਼ਾਖਾ,
ਐਸ.ਏ.ਐਸ. ਨਗਰ।

ਪਿੱਠ ਅੰਕਣ ਨੰ: ਮਿਤੀ 20/7/21

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ ਪ੍ਰਾਂਤਕ ਉਪ ਮੰਡਲ, ਲੋ:ਨਿ:ਵਿ: ਭ ਤੇ ਮ ਸ਼ਾਖਾ, ਐਸ.ਐਸ.ਨਗਰ ਨੂੰ ਉਨ੍ਹਾਂ ਦੇ ਪੱਤਰ ਨੰ: 319 ਮਿਤੀ 15.07.2021 ਦੇ ਹਵਾਲੇ ਅਧੀਨ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ, ਲੋ.ਨਿ.ਵਿ. ਭ ਤੇ ਮ ਸ਼ਾਖਾ,
ਐਸ.ਏ.ਐਸ. ਨਗਰ।

Scanned with CamScanner